# ਖ਼ਬਰ ਵਾਗੁਜ਼ਾਰੀ

## 2015 ਵਿੱਚ ਸੰਤੁਲਿਤ ਬਜਟ ਨਾਲ ਪਰਤਣ ਦੀ ਵਿੱਤ ਮੰਤਰੀ ਦੀ ਤਸਦੀਕ

**2015 ਵਿੱਚ ਸੰਤੁਲਿਤ ਬਜਟ ਨਾਲ ਪਰਤਣ ਦੀ ਪ੍ਰਤਿਬਧਤਾ ਦੇ ਨਾਲ, 2014 ਦੀ ਆਰਥਕ ਕਾਰਜ ਯੋਜਨਾ (Economic Action Plan) ਸਾਰੇ ਕਨੇਡੀਅਨਾਂ ਲਈ ਨੌਕਰੀਆਂ ਸਿਰਜਣ, ਵਿਕਾਸ ਅਤੇ ਅਉਸਰਾਂ ਲਈ ਮਜਬੂਤ ਸਾਰਵਜਨਿਕ ਵਿੱਤ ਦਾ ਮਹੱਤਵ ਦਰਸ਼ਾਂਦੀ ਹੈ।**

ਫਰਵਰੀ 11, 2014 ਓਟਵਾ, ਆਨਟੇਰਿਓ ਵਿੱਤ ਵਿਭਾਗ

ਵਿੱਤ ਮੰਤਰੀ (ਫਾਈਨੈਂਸ ਮਨਿਸਟਰ) ਜਿੱਮ ਫਲੈਹਰਟੀ ਨੇ ਅੱਜ 2014 ਦੀ ਆਰਥਕ ਕਾਰਜ ਯੋਜਨਾ ਪੇਸ਼ ਕੀਤੀ ਜੋ ਸਰਕਾਰ ਦੇ 2015 ਵਿੱਚ ਸੰਤੁਲਿਤ ਬਜਟ ਨਾਲ ਪਰਤਣ ਦਾ ਤਸਦੀਕ ਕਰਦੀ ਹੈ ਜਿਸ ਵਜੋਂ ਅਨਿਸ਼ਚਿਤ ਸੰਸਾਰਿਕ ਮਾਲੀ ਹਾਲਤ ਵਿੱਚ ਨੌਕਰੀ ਅਤੇ ਅਉਸਰਾਂ ਪੈਦਾ ਕਰਣ ਦੇ ਨਵੇਂ ਉਪਰਾਲੇ ਹੋਣਗੇ।

ਸਰਕਾਰ ਟੈਕਸਾਂ ਨੂੰ ਘੱਟ ਕਰਣ ਅਤੇ ਜਿਨ੍ਹਾਂ ਪ੍ਰੋਗਰਾਮਾਂ ਅਤੇ ਸੇਵਾਵਾਂ ਤੇ ਕਨੇਡੀਅਨਾਂ ਦਾ ਭਰੋਸਾ ਹੈ ਉਨ੍ਹਾਂ ਦੀ ਰੱਖਿਆ ਕਰਣ ਦੇ ਨਾਲ-ਨਾਲ ਬਜਟ ਸੰਤੁਲਿਤ ਕਰਣ ਦੇ ਰਸਤੇ ਤੇ ਹੈ।

ਕਨੇਡੀਅਨ ਪਰਵਾਰਾਂ ਜਾਂ ਵਪਾਰਾਂ ਤੇ ਹੋਰ ਕੋਈ ਨਵੇਂ ਟੈਕਸ ਨਾ ਲਾਗੂ ਕਰਦਿਆਂ, 2014 ਦੀ ਆਰਥਕ ਕਾਰਜ ਯੋਜਨਾ ਦੀ ਤਜਵੀਜ਼ ਹੈ ਕਿ ਖ਼ਤਰੇ ਲਈ 3 ਬਿਲੀਅਨ ਵਾਰਸ਼ਿਕ ਸਮਾਯੋਜਨ ਵਿਚਾਰ ਕਰਣ ਉਪਰੰਤ 2014-15 ਵਿੱਚ ਘਾਟੇ ਵਿੱਚ 2.9 ਬਿਲੀਅਨ ਡਾੱਲਰ ਉਤਾਰ ਹੋਵੇਗਾ। ਖ਼ਤਰੇ ਲਈ 3 ਬਿਲੀਅਨ ਵਾਰਸ਼ਿਕ ਸਮਾਯੋਜਨ ਦਾ ਵਿਚਾਰ ਕਰਣ ਉਪਰੰਤ 2015-16 ਵਿੱਚ 6.4 ਬਿਲੀਅਨ ਡਾੱਲਰ ਵਧੌਤਰ ਦੀ ਤੱਕ ਹੈ।

2009 ਵਿੱਚ ਆਰਥਕ ਕਾਰਜ ਯੋਜਨਾ ਦੀ ਸਥਾਪਨਾ ਉਪਰੰਤ, ਕਨੇਡਾ ਨੇ ਸਭ ਤੋਂ ਚੰਗਾ ਰੋਜਗਾਰ ਸਿਰਜਣ ਦਾ ਰਿਕਾਰਡ ਹਾਸਲ ਕੀਤਾ ਹੈ ਅਤੇ ਸੱਤ ਦੇ ਜੁੱਟ (G-7) ਵਿੱਚ ਸੱਭ ਤੋਂ ਉੱਤਮ ਵਿੱਚੋਂ ਇੱਕ ਹੋ ਆਰਥਕ ਬਹਾਲੀ ਦਾ ਪ੍ਰਦਰਸ਼ਨ ਕੀਤਾ ਹੈ।

2014 ਦੀ ਆਰਥਕ ਕਾਰਜ ਯੋਜਨਾ ਦੀ ਉਸਾਰੀ ਉਪਲਬਧੀ ਦੇ ਇਸ ਰਿਕਾਰਡ ਉੱਤੇ ਸਕਾਰਾਤਮਕ ਉਪਰਾਲੀਆਂ ਦੇ ਨਾਲ ਮਾਲੀ ਹਾਲਤ ਵਿਕਸਿਤ ਕਰਣ ਅਤੇ ਨੌਕਰੀਆਂ ਸਿਰਜਣ ਦੀ ਹੈ।

ਨੌਕਰੀਆਂ ਅਤੇ ਵਿਕਾਸ ਦਾ ਸਮਰਥਨ ਕਰ ਰਹੇ:

- ਕਨੇਡੀਅਨਾਂ ਨੂੰ ਉਪਲਬਧ ਨੌਕਰੀਆਂ ਨਾਲ ਜੋੜਣ ਲਈ ਕਨੇਡਾ ਨੌਕਰੀ ਗ੍ਰਾਂਟ (Canada Job Grant) ਅਤੇ ਵਰਧਿਤ ਨੌਕਰੀ ਮਿਲਾਨ ਸੇਵਾ (Job Matching Service) ਅਰੰਭ ਕਰ ਰਹੇ।
- ਰੈੱਡ ਸੀਲ ਟ੍ਰੇਡਾਂ ਵਿੱਚ ਪੰਜੀਕ੍ਰਿਤ ਸਿਖਾਂਦਰੂਆਂ ਦੀ ਸਿਖਲਾਈ ਦੀ ਲਾਗਤ ਵਿੱਚ ਮਦਦ ਲਈ ਇੱਕ ਨਵਾਂ ਕਨੇਡਾ ਸਿਖਾਂਦਰੂ ਉਧਾਰ (Canada Apprentice Loan) ਸ਼ੁਰੂ ਕਰ ਰਹੇ।
- ਫਰਸਟ ਨੇਸ਼ਨਸ (First Nations) ਨਾਲ ਸਾਂਝ ਵਿੱਚ *First Nations Control of First Nations Education Act* ਰਾਹੀਂ ਰਿਜਰਵ ਤੇ ਵਿਦਿਆ ਪ੍ਰਣਾਲੀ ਵਿੱਚ ਸੁਧਾਰ ਲਈ ਰਕਮ ਲਾ ਰਹੇ।

- ਪੁਰਾਣੇ ਕਰਮਚਾਰੀਆਂ ਅਤੇ ਵਿਕਲਾਂਗ ਵਿਅਕਤੀਆਂ ਦੀ ਲੇਬਰ ਮਾਰਕੀਟ ਤੀਕ ਪਹੁੰਚ ਵਿੱਚ ਮਦਦ ਲਈ ਪ੍ਰੋਗ੍ਰਾਮਾਂ ਵਿੱਚ ਰਕਮ ਲਾ ਰਹੇ।
- ਨੌਕਰੀਆਂ ਦੀ ਮਾਰਕੀਟ ਵਿੱਚ ਦਾਖਲ ਹੋ ਰਹੇ ਜੁਆਨ ਕਨੇਡੀਅਨਾਂ ਲਈ ਹਜਾਰਾਂ ਨਵੀਂ ਭੁਗਤਾਨ ਕੀਤੀ ਇੰਟਰਨਸ਼ਿਪ ਦਾ ਸਿਰਜਣ ਕਰ ਰਹੇ।
- ਮੋਟਰ ਵਾਹਨ (ਆਟੋਮੋਟਿਵ) ਸੈਕਟਰ ਸਪੋਰਟ, ਕਨੇਡਾ ਦੇ ਝਾੜ-ਖੰਡ (ਫੋਰੈਸਟਰੀ) ਅਤੇ ਸੁਰੰਗ (ਮਾਇਨ) ਅਤੇ ਹੋਰ ਵੀ ਵਧੇਰੇ ਸੈਕਟਰਾ ਵਿੱਚ 500 ਮਿਲੀਅਨ ਦੀ ਵੱਡੀ ਰਕਮ ਲਾ ਰਹੇ।
- ਅਗਲੇ ਦਸ ਸਾਲਾਂ ਵਿੱਚ, ਪੋਸਟ-ਸੈਕੰਡਰੀ ਘੋਖ (ਰਿਸਰਚ) ਲਈ ਕਨੇਡਾ ਫਰਸਟ ਰਿਸਰਚ ਐਕਸੀਲੈਂਸ ਫ਼ੰਡ ਪ੍ਰਤੀ 1.5 ਬਿਲੀਅਨ ਡਾੱਲਰ ਪੁਚਾ ਰਹੇ।

ਪਰਵਾਰਾਂ ਅਤੇ ਕਮਿਊਨਿਟੀਆਂ ਨੂੰ ਸਹਾਰਾ ਦੇ ਰਹੇ:

- ਟੈਲੀਕਮਿਊਨੀਕੇਸ਼ਨਸ ਮਾਰਕੀਟ ਵਿੱਚ ਬਰਾਬਰੀ ਦੇ ਮੁਕਾਬਲੇ ਅਤੇ ਘੱਟ ਕੀਮਤਾਂ ਨੂੰ ਬੜਾਵਾ ਦੇ ਕੇ ਅਤੇ ਅਨੁਚਿਤ ਕ੍ਰਾਸ-ਬਾਰਡਰ ਕੀਮਤ ਵਿਤਕਰੇ ਨੂੰ ਮਨ੍ਹਾ ਕਰਣ ਲਈ ਵਿਧਾਣਣ (ਲੈਜਿਸਲੇਸ਼ਨ) ਪੇਸ਼ ਕਰਕੇ ਕਨਸਿਊਮਰਾਂ ਦੀ ਹਿਫਾਜ਼ਤ ਕਰ ਰਹੇ।
- ਪੇ-ਟੂ-ਪੇ ਬਿਲਿੰਗ ਦਸਤੂਰ ਖ਼ਤਮ ਕਰ ਰਹੇ।
- ਕਨੇਡੀਅਨ ਪਰਵਾਰਾਂ ਲਈ ਐਡਾਪਸ਼ਨ ਨੂੰ ਵਧੇਰੇ ਪੁਗਾਉਣ ਵਿੱਚ ਸਦਦ ਕਰਣ ਲਈ ਐਡਾਪਸ਼ਨ ਖ਼ਰਚ ਟੈਕਸ ਕ੍ਰੈਡਿਟ (Adoption Expense Tax Credit) ਵਧਾ ਰਹੇ।
- ਵਸਤੂ ਅਤੇ ਸੇਵਾ ਟੈਕਸ/ਸਾਮੰਜਸਿਅ ਵਿਕਰੀ ਟੈਕਸ (Goods and Services Tax/Harmonized Sales Tax) ਤੋਂ ਐਕਉਪੰਕਚਰ ਅਤੇ ਨੇਚੁਰੋਪੈਥਿਕ ਡਾਕਟਰਾਂ ਦੀ ਪੇਸ਼ੇਵਰ ਸੇਵਾਵਾਂ ਤੋਂ ਛੋਟ ਦੁਆਰਾ ਸੇਹਤ ਦੇਖਭਾਲ ਲਈ ਟੈਕਸ ਛੁਟਕਾਰਾ ਖਿਲਾਰ ਰਹੇ।
- 390 ਮਿਲੀਅਨ ਡਾੱਲਰਾਂ ਦੀ ਵੱਡੀ ਨਵੀਂ ਰਕਮ ਲਗਾ ਕੇ ਕਨੇਡੀਅਨ ਪਰਵਾਰਾਂ ਲਈ ਖਾਦਿਅ ਸੁਰੱਖਿਆ ਤਕੜੀ ਕਰ ਰਹੇ।
- 300 ਮਿਲੀਅਨ ਡਾੱਲਰਾਂ ਤੋਂ ਵਧੇਰੇ ਦੀ ਰਕਮ ਲਗਾ ਕੇ ਪੇਂਡੂ ਅਤੇ ਉੱਤਰੀ ਕਨੇਡਾ ਵਿੱਚ ਤੇਜ਼ ਬ੍ਰੋਡਬੈਂਡ ਇੰਟਰਨੈੱਟ ਲਿਆ ਰਹੇ।
- ਕੁਦਰਤੀ ਆਪਦਾਵਾਂ ਦੇ ਪ੍ਰਭਾਵਾਂ ਤੋਂ ਕਨੇਡੀਅਨਾਂ ਦੀ ਰਖਿੱਆ ਕਰਣ ਲਈ 200 ਮਿਲੀਅਨ ਡਾੱਲਰਾਂ ਨਾਲ ਰਾਸ਼ਟਰੀ ਬਿਪਤਾ ਨੂੰ ਮੱਠਾ ਕਰਣ ਲਈ ਪ੍ਰੋਗਰਾਮ (National Disaster Mitigation Program) ਦੀ ਸਥਾਪਨਾ ਕਰ ਰਹੇ।
- ਖੋਜ ਅਤੇ ਬਚਾਉ ਵਲੰਟੀਅਰਾਂ ਦੁਆਰਾ ਨਿਭਾਈ ਗਈ ਮਹੱਤਵਪੂਰਣ ਭੂਮਿਕਾ ਨੂੰ ਸਿਆਨਣ ਲਈ ਜੋ ਕਨੇਡੀਅਨਾਂ ਦੀ ਸੁਰੱਖਿਆ ਅਤੇ ਬਚਾਉ ਲਈ ਯੋਗਦਾਨ ਕਰਦੇ ਹੋਏ ਆਪਣੇ ਆਪ ਨੂੰ ਖ਼ਤਰੇ ਵਿੱਚ ਪਾ ਦਿੰਦੇ ਹਨ, ਇੱਕ ਨਵੇਂ ਖੋਜ ਅਤੇ ਬਚਾਉ ਵਲੰਟੀਅਰਸ ਟੈਕਸ ਕ੍ਰੈਡਿਟ (Search and Rescue Volunteers Tax Credit) ਦਾ ਸਿਰਜਣ ਕਰ ਰਹੇ।
- ਜਨਾਜ਼ੇ ਅਤੇ ਦਫ਼ਨ ਪ੍ਰੋਗਰਾਮ (Funeral and Burial Program) ਨੂੰ ਖਿਲਾਰ ਰਹੇ ਤਾਂ ਜੋ ਇਸ ਪੀੜ੍ਹੀ ਦੇ ਵੈਟਰਨਾਂ ਨੂੰ ਪ੍ਰਤਿਸ਼ਠਤ ਜਨਾਜ਼ੇ ਅਤੇ ਦਫ਼ਨ ਦਾ ਮਾਣ ਮਿਲੇ।

ਬਜਟ ਸੰਤੁਲਿਤ ਕਰ ਰਹੇ:

- ਇਹ ਨਿਸ਼ਚਿਤ ਕਰਣ ਲਈ ਕਿ ਸਮੁੱਚੀ ਪਬਲਕ ਸਰਵਿਸ ਮੁਲਾਜ਼ਮ ਮੁਆਵਜਾ (ਕੰਪਨਸੇਸ਼ਨ) ਉਚਿਤ ਅਤੇ ਪੁੱਜਤ ਹੈ, ਪ੍ਰਸਤਾਵਾਂ ਦੇ ਨਾਲ ਸਿੱਧੇ ਪ੍ਰੋਗਰਾਮ ਖ਼ਰਚੇ ਨੂੰ ਕਾਬੂ ਕਰਣ ਲਈ ਸਰਕਾਰ ਦੀ ਪ੍ਰਤਿਬਧਤਾ ਨੂੰ ਅਗਾਂਹ ਕਰ ਰਹੇ।
- 50:50 ਮੁਲਾਜ਼ਮ ਪੈਂਸ਼ਨ ਪਲਾਨ ਲਾਗਤ ਵੰਡਣ ਅਤੇ ਨਵੇਂ ਰੱਖੇ ਮੁਲਾਜ਼ਮਾਂ ਦੀ ਸੇਵਾ-ਨਿਵ੍ਰੱਤੀ ਦੀ ਉਮਰ ਵਧਾਉਣ ਲਈ ਕ੍ਰਾਉਣ ਨਿਗਮਾਂ ਨਾਲ ਕੰਮ ਕਰ ਰਹੇ।
- 2014 ਦੀ ਆਰਥਕ ਕਾਰਜ ਯੋਜਨਾ ਦੇ ਨਾਲ- ਨਾਲ, ਸਰਕਾਰ ਨੇ ਆਪਣੀ ਜੋਬਸ ਰਿਪੋਰਟ: *The State of the Canadian Labour Market* ਜਾਰੀ ਕੀਤੀ ਜੋ ਰੁਜ਼ਗਾਰ ਦੇ ਬਾਜ਼ਾਰ ਵਿੱਚ ਹਾਲ ਦੀ ਘਟਨਾਵਾਂ ਦੀ, ਕਨੇਡਾ ਦੇ ਵਰਕਫੋਰਸ ਦੀ ਸਿੱਖਿਆ ਅਤੇ ਕੌਸ਼ਲ (ਸਕਿਲਜ਼) ਪੱਧਰ ਅਤੇ ਕੌਸ਼ਲ ਘਾਟ ਦੀ ਪਰਖ ਕਰਦੀ ਹੈ। ਇਹ ਨਾਲੇ ਸਰਕਾਰ ਦੁਆਰਾ ਕਨੇਡੀਅਨਾਂ ਨੂੰ ਉਨ੍ਹਾਂ ਦੇ ਕੌਸ਼ਲ ਉੱਨਤੀ ਵਿੱਚ ਅਤੇ ਉੱਚ ਗੁਣਵੱਤਾ ਵਾਲੇ ਰੁਜ਼ਗਾਰ ਦੇ ਮੌਕੇ ਪੈਦਾ ਕਰਣ ਵਿੱਚ ਸਹਾਰਾ ਦੇਣ ਲਈ ਕੀਤੇ ਕਾਰਜਾਂ ਦਾ ਖੁਲਾਸਾ ਵੀ ਕਰਦੀ ਹੈ।

ਤਰਿੱਖੇ ਤੱਥ

- ਕਨੇਡੀਅਨ ਆਰਥਕਤਾ ਨੇ ਰੁਜ਼ਗਾਰ ਦੇ ਅਉਸਰ ਜਾਰੀ ਰੱਖੇ ਹਨ, ਮੰਦੀ ਦੇ ਸਭ ਤੋਂ ਮਾੜੇ ਹਿੱਸੇ ਦੌਰਾਨ ਤੋਂ ਵੀ ਅੱਜ 1 ਮਿਲੀਅਨ ਤੋਂ ਵਧੇਰੇ ਕਨੇਡੀਅਨ ਕੰਮ ਕਰ ਰਹੇ ਹਨ।
- 2006 ਉਪਰੰਤ, ਕਨੇਡੀਅਨਾਂ ਨੇ G-7 ਵਿੱਚ ਪ੍ਰਤੀ ਵਿਅਕਤੀ ਕਮਾਈ ਵਿੱਚ ਤਕੜੇ ਵਾਧੇ ਦਾ ਆਨੰਦ ਲਿੱਤਾ ਹੈ।
- 2006 ਉਪਰੰਤ, ਸਾਰੇ ਕਮਾਈ ਵਰਗਾਂ ਦੇ ਕਨੇਡੀਅਨ ਪਰਵਾਰਾਂ ਨੇ ਆਪਣੇ ਅਸਲ ਟੈਕਸ ਉਪਰੰਤ, ਬਦਲੀ ਉਪਰੰਤ ਆਮਦਨ ਵਿੱਚ 10 ਪ੍ਰਤਿਸ਼ਤ ਜਾਂ ਵਧੀਕ ਦਾ ਵਾਧਾ ਵੇਖਿਆ ਹੈ।
- ਸਰਕਾਰ ਦੁਆਰਾ ਪੇਸ਼ ਕੀਤੇ ਟੈਕਸ ਰਾਹਤ ਤੋਂ ਸਾਰੇ ਕਮਾਈ ਦੇ ਪੱਧਰ ਵਾਲੇ ਕਨੇਡੀਅਨ ਲਾਭਾਂਵਿਤ ਹੋ ਰਹੇ ਹਨ, ਘੱਟ ਅਤੇ ਮੱਧ-ਆਮਦਨ ਵਾਲੇ ਕਨੇਡੀਅਨ ਉਸੇ ਅਨੁਪਾਤ ਵਿੱਚ ਜਿਆਦਾ ਤੋਂ ਜਿਆਦਾ ਰਾਹਤ ਪ੍ਰਾਪਤ ਕਰ ਰਹੇ ਹਨ। ਔਸਤਨ ਚਾਰ ਮੈਂਬਰਾਂ ਦਾ ਕਨੇਡੀਅਨ ਪਰਵਾਰ ਸਰਕਾਰ ਦੇ ਟੈਕਸ ਰਾਹਤ ਰਿਕਾਰਡ ਵਜੋਂ ਹੁਣ 3,400 ਡਾੱਲਰ ਘੱਟ ਟੈਕਸ ਦਾ ਭੁਗਤਾਨ ਕਰ ਰਿਹਾ ਹੈ।
- ਕਨੇਡਾ ਹੁਣ ਦੁਨੀਆ ਦੇ ਦੇਸ਼ਾਂ ਦੇ ਕੇਵਲ ਇੱਕ ਮੁੱਠੀ ਦੇਸ਼ਾਂ ਵਿੱਚੋਂ ਇੱਕ ਦੇਸ਼ ਹੈ ਜੋ ਸਾਰੇ ਪ੍ਰਮੁੱਖ ਕਰੇਡਿਟ ਰੇਟਿੰਗ ਏਜੇਂਸੀਆਂ ਵਿੱਚੋਂ ਇੱਕ ਸਥਿਰ ਦ੍ਰਿਸ਼ਟਿਕੋਣ ਦੇ ਨਾਲ ਟਰਿਪਲ-ਏ ਕਰੇਡਿਟ ਰੇਟਿੰਗ ਕਮਾਈ ਜਾ ਰਿਹਾ ਹੈ।
- ਸੰਸਾਰਿਕ ਮੰਦੀ ਤੋਂ ਪਹਿਲਾਂ ਕਰਜੇ ਦਾ ਭੁਗਤਾਨ ਅਤੇ ਨਿਅੰਤਰਿਤ ਖ਼ਰਚੇ ਨੇ ਇਹ ਸੁਨਿਸਚਿਤ ਕਰਣ ਵਿੱਚ ਮਦਦ ਕੀਤੀ ਹੈ ਕਿ ਕਨੇਡਾ ਦਾ ਕੁੱਲ ਸਰਕਾਰੀ ਸਮੁੱਚਾ ਘਰੇਲੂ ਉਤਪਾਦ ਅਨੁਪਾਤ net debt-to-GDP (gross domestic product) ਕਿਸੇ ਵੀ G-7 ਦੇਸ਼ ਤੋਂ ਅਤੇ ਉੱਨਤ G-20 ਦੇਸ਼ਾਂ ਵਿਚਾਲੇ ਘੱਟ ਰਹੇਗਾ।

ਉਕਤੀ

"ਕਨੇਡੀਅਨ ਪਰਵਾਰਾਂ ਅਤੇ ਆਰਥਕਤਾ ਵਿੱਚ ਮਦਦ ਲਈ ਮਹੱਤਵਪੂਰਣ ਨਿਵੇਸ਼ ਕਰਣ ਦੇ ਨਾਲ-ਨਾਲ ਮਾਲੀ ਜਿੱਮੇਵਾਰੀ ਲਈ ਅਤੇ ਕਰਦਾਤਾਵਾਂ ਦੇ ਪੈਸੇ ਦੇ ਪਰਬੰਧਨ ਦੀ ਜਿੱਮੇਵਾਰੀ ਵਜੋਂ ਕਨੇਡਾ ਦੀ ਚੰਗੀ ਸਾਖ ਹੈ। 2014 ਦੀ ਆਰਥਕ ਕਾਰਜ ਯੋਜਨਾ ਵਿਖਾ ਰਹੀ ਹੈ ਕਿ ਸਾਡੀ ਲਾਂਘ (ਅਪ੍ਰੋਚ) ਕੰਮ ਕਰ ਰਹੀ ਹੈ, ਨੌਕਰਿਆਂ ਸਿਰਜਣ ਰਹੀ ਹੈ, ਆਰਥਕਤਾ ਵਧਾ ਰਹੀ ਹੈ, ਪਰਵਾਰਾਂ ਅਤੇ ਕਮਿਊਨਿਟੀਆਂ ਨੂੰ ਸਹਾਰਾ ਦੇ ਰਹੀ ਹੈ ਅਤੇ 2015 ਵਿੱਚ ਸੰਤੁਲਿਤ ਬਜਟ ਪ੍ਰਤੀ ਪਰਤ ਰਹੀ ਹੈ। ਸਾਡੀ ਪਲਾਨ ਦਾ ਅਗਲਾ ਕਦਮ ਹੈ ਸਾਡੇ ਦੇਸ਼ ਦੀ ਸਭ ਤੋਂ ਵੱਡੀ ਪੂੰਜੀ ਸਾਡੇ ਲੋਕ, ਕਨੇਡੀਅਨਾਂ ਦੀ ਲੋੜ ਅਨੁਸਾਰ ਨਿਵੇਸ਼ ਕਰਣ ਦੇ ਨਾਲ-ਨਾਲ ਘੱਟ ਟੈਕਸ ਰੱਖਣਾ।"

– ਜਿੱਮ ਫਲੈਹਰਟੀ, ਵਿੱਤ ਮੰਤਰੀ

ਸਬੰਧਤ ਕ੍ਰਿਤ

- *Jobs Report: The State of the Canadian Labour Market*
- Backgrounder: The Road to Balance
- Backgrounder: Supporting Families and Communities
- Backgrounder: Jobs and Growth
- EAP 2014 Overview Video

---

ਵਧੇਰੇ ਜਾਣਕਾਰੀ ਲਈ ਮੀਡੀਆ ਵਾਲੇ ਸੰਪਰਕ ਕਰ ਸਕਦੇ ਹਨ:

ਮੇਰੀ ਪ੍ਰੈਨਟਿੱਸ
ਪ੍ਰੈਸ ਸਕੱਤਰ
ਵਿੱਤ ਮੰਤਰੀ ਦਾ ਦਫ਼ਤਰ
613-996-7861

ਜੈਕ ਔਬਰੀ
ਮੀਡੀਆ ਰਿਲੇਸ਼ਨਜ਼
ਵਿੱਤ ਵਿਭਾਗ
613-996-8080

ਸਾਰੇ ਪ੍ਰੈਸ ਨੋਟਾਂ ਦੀ ਈ-ਮੇਲ ਸੂਚਨਾ ਹਾਸਲ ਕਰਣ ਲਈ ਕਿਰਪਾ ਕਰਕੇ www.fin.gc.ca/scripts/register-eng.asp ਵਿਖੇ ਨਾਮ ਦਰਜ਼ ਕਰਾਓ।